# UFCW ਕੇਨੇਡਾ

AGRICULTURE WORKERS ALLIANCE (ਖੇਤੀਬਾੜੀ ਕਾਮਿਆਂ ਦੇ

~~*ਸਥਾਨਕ ਫੋਨ ਨੰਬਰ*~~

ਸੱਰੀ, ਬ੍ਰਿਟਸ਼ ਕੋਲੰਬੀਆ . ........... . . . . . . .**778.578.9411**

ਐਬਟਸਫੋਰਡ, ਬ੍ਰਿਟਸ਼ ਕੋਲੰਬੀਆ . . . .**604.859.5044**

ਕੈਲੋਵਨਾ, ਬ੍ਰਿਟਸ਼ ਕੋਲੰਬੀਆ . ........... . . . .**250.765.6843**

ਪੋਰਤੇਗ ਲਾ ਪਰੇਰੀ, ਮੈਨੀਟੋਬਾ ........... . . .**204.857.3340**

ਲੀਮਿੰਗਟਨ, ਓਨਟਾਰੀਓ . .... . . . . . . . . . . .**519.326.8833**

ਸਿਮਕੋਏ, ਓਨਟਾਰੀਓ . . . . . . . . . . . . . . . . .**519.426.4056**

ਵਰਜਲ, ਓਨਟਾਰੀਓ .. . . . . . . . . . . . . . . . .**905.468.8329**

ਸੰਕਟਕਾਲੀ ਫੋਨ-ਨੰਬਰ: ***416.579.9232***

~~*ਸਧਾਰਣ ਪੁੱਛ-ਗਿੱਛ ਲਈ ਰਾਸ਼ਟਰੀ ਟੋਲ-ਫਰੀ ਨੰਬਰ*~~

**1.877.778.7565**

*ਜਮਾਇਕਾ ਤੋਂ ਟੋਲ-ਫਰੀ:* **1.877.344.3472**

**01.800.681.1501**

UFCW your VOICE at work CANADA®

**ਵੇਅਨ ਹੈਨਲੀ**

*ਨੈਸ਼ਨਲ ਪ੍ਰੈਜ਼ੀਡੈਂਟ*

UFCW CANADA UNION MADE

www.ufcw.ca

# ਸਹਾਇਤਾ ਕਿਥੋਂ ਲਈ ਜਾਵੇ

AGRICULTURE WORKERS ALLIANCE • ALLIANCE DES TRAVAILLEURS AGRICOLES

*ਕਈ ਦਹਾਕਿਆਂ ਤੋਂ, UFCW ਕੈਨੇਡਾ(ਦੀ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ ਯੂਨੀਅਨ) ਨੇ ਕੈਨੇਡਾ ਦੇ ਖੇਤਾਂ, ਗ੍ਰੀਨਹਾਊਸਾਂ, ਅਤੇ ਮਸ਼ਰੂਮ ਦੀਆਂ ਫਸਲਾਂ, ਹਰ ਜਗਾ ਖੇਤੀਬਾੜੀ ਕਾਮੇ ਮਿਲਦੇ ਹਨ, ਦੇ ਹਾਲਤਾਂ ਨੂੰ ਸੁਧਾਰਨ ਲਈ ਯਤਨ ਕੀਤੇ ਹਨ।*

*UFCW ਕੈਨੇਡਾ 250,000 ਤੋਂ ਜ਼ਿਆਦਾ ਕਾਮਿਆਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਟਰੇਡ ਯੂਨੀਅਨ ਹੈ। UFCW ਕੈਨੇਡਾ ਮੈਂਬਰਾਂ ਨੂੰ ਖੇਤੀਬਾੜੀ, ਭੋਜਨ ਪ੍ਰੀਕਿਰਿਆ, ਪ੍ਰਚੂਨ ਭੋਜਨ ਵਿਕਰੀਆਂ ਸਮੇਤ, ਲਗਭੱਗ ਆਰਥਿਕਤਾ ਦੇ ਹਰ ਖੇਤਰ ਵਿੱਚ ਕਾਮ ਕਰਦੇ ਦੇਖਿਆ ਜਾ ਸਕਦਾ ਹੈ।*

*2002 ਤੋਂ ਲੈ ਕੇ, UFCW ਕੈਨੇਡਾ ਅਤੇ AWA Migrant Agricultural Worker Support Centres(ਪ੍ਰਵਾਸੀ ਖੇਤੀਬਾੜੀ ਕਾਮਾ ਸਹਾਇਕ ਕੇਂਦਰ) ਚਲਾ ਰਹੇ ਹਨ, ਜਿਹੜਾ ਖੇਤੀਬਾੜੀ ਕਾਮਿਆਂ ਨੂੰ ਮੁਫਤ ਸੇਵਾਵਾਂ ਪ੍ਰਦਾਨ ਕਰਦਾ ਹੈ, ਹਜਾਰਾਂ ਹੀ ਪ੍ਰਵਾਸੀ ਖੇਤੀਬਾੜੀ ਕਾਮਿਆਂ ਨੇ ਸਾਡੇ ਸਹਾਇਕ ਕੇਂਦਰਾਂ ਦੀ ਵਰਤੋ ਕੀਤੀ ਹੈ, ਅਤੇ ਅਸੀ ਅਜਿਹਾ ਕਰਨ ਲਈ ਤੁਹਾਨੂੰ ਵੀ ਸੱਦਾ ਦਿੰਦੇ ਹਾਂ। ਸਾਡੇ ਨਾਲ ਤੁਹਾਡੀ ਗੱਲਬਾਤ ਗੁਪਤ ਹੈ। ਸਾਨੂੰ ਮੰਨਦੇ ਹਾਂ ਕਿ ਕੈਨੇਡਾ ਵਿੱਚ ਕਾਮ ਕਰ ਰਹੇ ਵਿਦੇਸ਼ੀ ਕਾਮੇ ਜੋ ਖੇਤਾਂ ਵਿੱਚ ਮਿਹਨਤ ਕਰਦੇ ਹਨ, ਉਨ੍ਹਾਂ ਨਾਲ ਸਤਿਕਾਰਪੂਰਵਕ ਵਰਤਾਓ ਜਰੂਰੀ ਹੈ।*

***ਅਸੀਂ ਹੁਣ ਕਨੇਡਾ ਅੰਦਰ ਨੌਂ ਕੇਂਦਰ ਚਲਾ ਰਹੇ ਹਾਂ, ਕਿਉਂਕਿ ਅਸੀਂ ਇੱਥੇ ਕਾਮਿਆਂ ਦੇ ਜੀਵਨ ਸੁਧਾਰਨ ਲਈ ਹਾਂ, ਅਤੇ ਕਾਮਿਆਂ ਨੇ ਵਿਕਸਤ ਸੇਵਾਵਾਂ ਦੀ ਮੰਗ ਕੀਤੀ ਹੈ, ਕਿਉਂਕਿ ਉਹ ਹਮੇਸ਼ਾਂ ਨਵੀਆਂ ਥਾਵਾਂ ਤੇ ਕੰਮ ਕਰਦੇ ਹਨ।***

UFCW ਕੈਨੇਡਾ ਤੁਹਾਡੇ ਅਧਿਕਾਰਾਂ ਨੂੰ ਕੈਨੇਡਾ ਵਿੱਚ ਸੁਰੱਖਿਅਤ ਰੱਖਣ ਲਈ ਮੁਫਤ ਸੇਵਾਵਾਂ ਪ੍ਰਦਾਨ ਕਰਦਾ ਹੈ। ਕੁੱਝ ਮੁਫਤ ਸੇਵਾਵਾਂ ਅੰਦਰ ਸ਼ਾਮਿਲ ਹਨ:

- *ਪੈਰੇਨਟਲ ਲੀਵ ਲਾਭ:* ਜੇਕਰ ਤੁਸੀਂ ਇੱਕ ਰੁੱਤ ਵਿੱਚ ਘੱਟੋ ਘੱਟ 600 ਘੰਟੇ ਲਈ ਕੰਮ ਕੀਤਾ ਹੈ ਅਤੇ ਤੁਹਾਡੇ ਕੋਲ ਇੱਕ ਨਵਜੰਮਿਆ ਬੱਚਾ ਹੈ, ਤੁਸੀਂ ਅਪਣੇ ਦੇਸ਼ ਵਿੱਚ ਬੇਰੋਜਗਾਰੀ ਦੇ ਸਮੇਂ ਦੌਰਾਨ ਕੈਨੇਡਾ ਦੀ ਸਰਕਾਰ ਤੋਂ ਲਾਭ ਲੈਣ ਦੇ ਯੋਗ ਹੋ ਸਕਦੇ ਹੋ।
- *ਆਮਦਨ ਕਰ ਫਾਇਲ ਕਰਨ ਨਾਲ਼ ਸਹਾਇਤਾ:* ਅਸੀਂ ਪੁਰਜੋਰ ਸੁਝਾਵ ਦਿੰਦੇ ਹਾਂ ਕਿ ਕੈਨੇਡਾ ਵਿੱਚ ਹਰੇਕ ਕਾਮਾ ਇੱਕ ਆਮਦਨ ਕਰ ਰਿਟਰਨ ਫਾਇਲ ਕਰੇ। ਬਹੁਤ ਸਾਰੇ ਕਾਮੇ ਟੈਕਸ ਵਾਪਸੀ ਦੇ ਚੈਕ ਪ੍ਰਾਪਤ ਕਰਦੇ ਹਨ।
- Workers Compensation Claims (ਕਾਮਿਆਂ ਦਾ ਰਾਹਤ ਲਈ ਦਾਵਾ): ਜੇਕਰ ਤੁਸੀਂ ਕੰਮ ਕਰਨ ਵੇਲੇ ਜ਼ਖਮੀ ਹੁੰਦੇ ਹੋ ਤਾਂ ਤੁਹਾਨੂੰ ਸੱਟ ਲਗਨ ਕਾਰਣ ਖੋਈ ਤਨਖਾਹ ਅਤੇ ਡਾਕਟਰੀ ਬਿੱਲਾਂ ਲਈ ਅਦਾਇਗੀ ਪ੍ਰਾਪਤ ਕਰਨੀ ਚਾਹੀਦੀ ਹੈ।
- *ਦਸਤਾਵੇਜਾਂ ਨੂੰ ਸਮਝਣਾ:* ਜੇਕਰ ਤੁਸੀਂ ਕਿਸੇ ਦਸਤਾਵੇਜ ਨੂੰ ਨਹੀਂ ਸਮਝ ਸਕਦੇ ਹੋ ਤਾਂ ਕ੍ਰਿਪਾ ਕਰਕੇ ਇਸ ਨੂੰ ਸਾਡੇ ਕੋਲ ਲੈ ਆਓ ਤਾਂ ਕਿ ਅਸੀਂ ਤੁਹਾਡੀ ਮਦਦ ਕਰ ਸਕੀਏ।
- *ਸਿਹਤ ਸੰਭਾਲ਼ ਤੱਕ ਪਹੁੰਚ:* ਭਾਵੇਂ ਪ੍ਰਾਂਤਕ ਸਿਹਤ ਸੰਭਾਲ਼ ਹੋਵੇ ਜਾਂ RBC ਬੀਮਾ, ਤੁਹਾਡੀ ਦੇਖ ਭਾਲ ਦੀ ਲੋੜ ਪੂਰਤੀ ਲਈ ਅਸੀਂ ਤੁਹਾਡੀ ਸਹਾਇਤਾ ਕਰਨ ਲਈ ਕੰਮ ਕਰਦੇ ਹਾਂ।
- *ਕੈਨੇਡਾ ਜਾਂ ਕਿਉਬੈਕ ਪੈਨਸ਼ਨ ਯੋਜਨਾ ਲਾਭ:* ਸੇਵਾਮੁਕਤ ਹੋਣ ਤੇ ਤੁਸੀਂ ਮਹੀਨੇਵਾਰ ਪੈਨਸ਼ਨ ਦੇ ਯੋਗ ਹੋ ਸਕਦੇ ਹੋ।
- *ਕਾਰਜਸ਼ਾਲਾਵਾਂ:* ਉਪਰਲੇ ਵਿਸ਼ਿਆਂ ਤੇ ਅਤੇ ਇਸ ਦੇ ਨਾਲ ਨਾਲ ਕੰਮ ਤੇ ਸਿਹਤ ਅਤੇ ਸੁਰੱਖਿਆ, ਕੀੜੇਮਾਰ ਦਵਾਈਆਂ ਦੀ ਸੰਭਾਲ, ਕੈਨੇਡਾ ਵਿੱਚ ਬੈਂਕ ਖਾਤਾ ਖੋਲਣਾ, ਅਤੇ ਹੋਰ ਚੀਜ਼ਾਂ ਤੇ ਮੁਫਤ ਕਾਰਜਸ਼ਾਲ਼ਾਵਾਂ ਉਪਲਬਧ ਹਨ।
- *ਅਪਣੇ ਰੋਜ਼ਗਾਰ ਪ੍ਰਦਾਤਾ ਨਾਲ ਵਿਵਾਦ:* ਜਦੋਂ ਮੁਸ਼ਕਲਾਂ ਪੈਦਾ ਹੋ ਜਾਣ, ਜਿਵੇਂ ਕਿ ਅਦਾਇਗੀਰਹਿਤ ਤਨਖਾਵਾਂ, ਅਣਉਚਿਤ ਕਾਰਜ ਜਾਂ ਵਸੇਵਾ ਹਾਲਤਾਂ, ਜਾਂ ਅਪਣੇ ਰੋਜ਼ਗਾਰ ਪ੍ਰਦਾਤਾ ਨਾਲ ਹੋਰ ਕੋਈ ਵਿਵਾਦ, ਅਸੀਂ ਤੁਹਾਡੀ ਸਹਾਇਤਾ ਕਰ ਸਕਣ ਲਈ ਸਭ ਕੁੱਝ ਕਰਾਂਗੇ।
- *ਵਤਨ ਵਾਪਸ ਭੇਜੇ ਜਾਣ ਦੇ ਮੁੱਦੇ:* ਜੇਕਰ ਤੁਸੀਂ ਮਹਿਸੂਸ ਕਰਦੇ ਹੋ ਤੁਹਾਨੂੰ ਅਣਉਚਿਤ ਤਰੀਕੇ ਨਾਲ ਘਰ ਵਾਪਿਸ ਭੇਜਿਆ ਜਾ ਰਿਹਾ ਹੈ ਤਾਂ ਅਸੀਂ ਸਹਾਇਤਾ ਕਰਨ ਦੇ ਯੋਗ ਹੋ ਸਕਦੇ ਹਾਂ।
- *ਹੋਰ ਮੁੱਦੇ:* ਅਸੀਂ ਖੇਤੀਬਾੜੀ ਕਾਮਿਆਂ ਦੇ ਅਧਿਕਾਰਾਂ ਨੂੰ ਜਿਵੇਂ ਵੀ ਅੱਸੀ ਕਰ ਸਕੀਏ ਵਿਕਸਤ ਕਰਨ ਅਤੇ ਸੁਰੱਖਿਅਤ ਕਰਨ ਲਈ ਮਦਦ ਕਰਨ ਦੀ ਕੋਸ਼ਿਸ਼ ਕਰਾਂਗੇ, ਇਸ ਲਈ ਕ੍ਰਿਪਾ ਕਰਕੇ ਬੇਝਿਜਕ ਹੋ ਕੇ ਸਾਨੂੰ ਸੰਪਰਕ ਕਰੋ।